PeaceHealth

# ਮਰੀਜ਼ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ:

## ਪੀਸਹੈੱਲਥ ਦੇ ਮਰੀਜ਼ (ਜਾਂ ਮਰੀਜ਼ ਦੇ ਨੁਮਾਇੰਦੇ, ਜੋ ਵੀ ਉਚਿਤ ਹੋਵੇ) ਨੂੰ ਅਧਿਕਾਰ ਹੈ..

- ਉਮਰ, ਨਸਲ, ਜਾਤੀ, ਧਰਮ, ਸੱਭਿਆਚਾਰ, ਭਾਸ਼ਾ, ਅਪਾਹਜਤਾ, ਸਮਾਜਕ-ਆਰਥਿਕ ਰੁਤਬੇ, ਲਿੰਗ, ਲਿੰਗਕ ਰੁਝਾਨ ਅਤੇ ਲਿੰਗ ਪਛਾਣ ਜਾਂ ਪ੍ਰਗਟਾਵੇ ਦੇ ਸਬੰਧ ਤੋਂ ਬਿਨਾਂ ਸੇਵਾਵਾਂ ਪ੍ਰਾਪਤ ਕਰਨਾ;
- ਆਪਣੀ ਪਸੰਦ ਦੇ ਧਰਮ ਨੂੰ ਮੰਨਣਾ ਜਦੋਂ ਤੱਕ ਉਸ ਨੂੰ ਮੰਨਣਾ ਦੂਜਿਆਂ ਦੇ ਜਾਂ ਇਲਾਜ ਸੇਵਾਵਾਂ ਦੇ ਹੱਕਾਂ ਅਤੇ ਵਿਵਹਾਰ ਦੀ ਉਲੰਘਣਾ ਨਹੀਂ ਕਰਦਾ। ਵਿਅਕਤੀਗਤ ਭਾਗੀਦਾਰਾਂ ਨੂੰ ਕਿਸੇ ਵੀ ਧਰਮ ਨੂੰ ਮੰਨਣ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰਨ ਦਾ ਹੱਕ ਹੈ;
- ਸੰਵੇਦੀ ਜਾਂ ਸਰੀਰਕ ਅਸਮਰਥਤਾ, ਗੱਲ-ਬਾਤ ਕਰਨ ਦੀ ਸੀਮਿਤ ਸਮਰੱਥਾ, ਅੰਗ੍ਰੇਜ਼ੀ ਦੀ ਸੀਮਤ ਪ੍ਰਵੀਨਤਾ ਅਤੇ ਸੱਭਿਆਚਾਰਕ ਅੰਤਰਾਂ ਦੇ ਮਾਮਲੇ ਵਿੱਚ ਮੁਨਾਸਿਬ ਢੰਗ ਨਾਲ ਰਹਿਣਯੋਗ ਹੋਣ;
- ਆਦਰ, ਮਾਣ ਅਤੇ ਨਿੱਜਤਾ ਨਾਲ ਇਲਾਜ ਕੀਤੇ ਜਾਣ ਦਾ। ਸਟਾਫ਼ ਇਮਾਰਤ ਵਿੱਚ ਵਰਜਿਤ ਚੀਜ਼ਾਂ ਨੂੰ ਕੋਲ ਰੱਖਣ ਜਾਂ ਉਸਦੀ ਵਰਤੋਂ ਦਾ ਪਤਾ ਲਗਾਉਣ ਅਤੇ ਰੋਕਣ ਅਤੇ ਲਈ ਉਚਿਤ ਤਲਾਸ਼ੀਆਂ ਲੈ ਸਕਦਾ ਹੈ;
- ਤੁਹਾਨੂੰ ਸੇਵਾਵਾਂ ਪ੍ਰਾਪਤ ਕਰਨ ਦੇ ਦੌਰਾਨ ਕੰਪਾਇਲ, ਪ੍ਰਾਪਤ ਜਾਂ ਸੰਭਾਲੀ ਹੋਈ ਸਾਰੀ ਜਾਣਕਾਰੀਆਂ ਅਤੇ ਰਿਕਾਰਡਾਂ ਨੂੰ ਗੁਪਤ ਰਖਵਾਉਣ ਦਾ ਅਧਿਕਾਰ ਹੈ;
- ਸ਼ਰੀਰਕ ਅਤੇ ਵਿੱਤੀ ਸ਼ੋਸ਼ਣ ਸਮੇਤ ਕਿਸੇ ਵੀ ਜਿਨਸੀ ਪਰੇਸ਼ਾਨੀ ਦੇ ਨਾਲ-ਨਾਲ ਸ਼ੋਸ਼ਣ ਤੋਂ ਮੁਕਤ ਰਹਿਣ;
- ਸਾਰੀ ਕਲੀਨਿਕਲ ਅਤੇ ਨਿੱਜੀ ਜਾਣਕਾਰੀ ਦੇ ਨਾਲ ਸੂਬੇ ਅਤੇ ਸੰਘੀ ਗੁਪਤਤਾ ਨਿਯਮਾਂ ਅਨੁਸਾਰ ਸਹਿਮਤੀ ਨਾਲ ਵਿਵਹਾਰ ਕਰਨਾ;
- ਪ੍ਰਬੰਧਕ ਜਾਂ ਮਨੋਨੀਤ ਵਿਅਕਤੀ ਦੀ ਮੌਜੂਦਗੀ ਵਿੱਚ ਆਪਣੇ ਕਲੀਨੀਕਲ ਰਿਕਾਰਡ ਦੀ ਸਮੀਖਿਆ ਕਰੋ ਅਤੇ ਫੇਰਬਦਲ ਜਾਂ ਸੋਧਾਂ ਦੀ ਬੇਨਤੀ ਕਰਨ ਦਾ ਮੌਕਾ ਦਿੱਤਾ ਜਾਣਾ;
- ਮਾਨਸਿਕ ਵਿਕਾਰ ਦੇ ਮੁਲਾਂਕਣ ਜਾਂ ਇਲਾਜ ਪ੍ਰਾਪਤ ਕਰਨ ਦੇ ਸਿੱਟੇ ਵਜੋਂ ਕਿਸੇ ਵੀ ਵਿਅਕਤੀ ਨੂੰ ਅਯੋਗ ਸਮਝਿਆ ਜਾਵੇਗਾ ਜਾਂ ਉਹ ਕਿਸੇ ਵੀ ਨਾਗਰਿਕ ਅਧਿਕਾਰ ਨੂੰ ਨਹੀਂ ਗਵਾਏਗਾ।

ਸਵੈ-ਇੱਛਤ ਦਾਖਲ ਹੋਣ ਵਾਲੇ ਮਰੀਜ਼ਾਂ ਲਈ: ਤੁਹਾਡੇ ਕੋਲ ਉਦੋਂ ਤੱਕ ਰਿਹਾਅ ਹੋਣ ਦਾ ਅਧਿਕਾਰ ਹੈ ਜਦੋਂ ਤੱਕ ਅਣਇੱਛਿਤ ਵਚਨਬੱਧਤਾ ਦੀ ਕਾਰਵਾਈ ਸ਼ੁਰੂ ਨਾ ਹੋਵੇ। ਜੇ ਤੁਸੀਂ ਡਾਕਟਰੀ ਸਲਾਹ ਦੇ ਬਾਵਜੂਦ ਚਲੇ ਜਾਂਦੇ ਹੋ, ਤਾਂ ਤੁਹਾਨੂੰ ਆਪਣੇ ਡਾਕਟਰ ਅਤੇ ਦੇਖਭਾਲ ਟੀਮ ਨਾਲ ਗੱਲ ਕਰਨ ਤੋਂ ਬਾਅਦ ਅਗੈਂਸਟ ਮੈਡੀਕਲ ਐਡਵਾਇਸ ਫਾਰਮ 'ਤੇ ਹਸਤਾਖਰ ਕਰਨ ਲਈ ਕਿਹਾ ਜਾਵੇਗਾ।

ਅਣਇੱਛਿਤ ਦਾਖ਼ਲ ਹੋਣ ਵਾਲੇ ਮਰੀਜਾਂ ਲਈ: 72 ਘੰਟਿਆਂ ਦੇ ਅੰਦਰ-ਅੰਦਰ ਜੇ ਰਿਹਾਅ ਨਾ ਕੀਤਾ ਜਾਵੇ, ਤਾਂ ਤੁਹਾਨੂੰ ਸ਼ੁਰੂਆਤੀ ਨਜ਼ਰਬੰਦੀ ਪਿੱਛੋਂ 72 ਘੰਟੇ ਤੋਂ ਵੱਧ ਨਹੀਂ ਜੁਡੀਸ਼ੀਅਲ ਸੁਣਵਾਈ ਦਾ ਅਧਿਕਾਰ ਹੈ ਇਹ ਨਿਰਧਾਰਤ ਕਰਨ ਲਈ ਕਿ ਕੀ ਸੰਭਵ ਕਾਰਣ ਤੁਹਾਨੂੰ 72 ਘੰਟਿਆਂ ਬਾਅਦ 14 ਦਿਨਾਂ ਲਈ ਹੋਰ ਸਮੇਂ ਲਈ ਰੋਕਣ ਲਈ ਮੌਜੂਦ ਹੈ। 72 ਘੰਟਿਆਂ ਦਾ ਸਮਾਂ ਸ਼ਨੀਵਾਰ ਅਤੇ ਛੁੱਟੀਆਂ ਨੂੰ ਛੱਡ ਕੇ ਹੁੰਦਾ ਹੈ। ਤੁਹਾਨੂੰ ਅਟਾਰਨੀ ਨਾਲ ਤੁਰੰਤ ਸੰਪਰਕ ਕਰਨ ਦਾ ਅਧਿਕਾਰ ਹੈ, ਅਤੇ ਜੇਕਰ ਗ਼ਰੀਬ ਹੋ, ਤੇ ਇਸ ਤਰ੍ਹਾਂ ਦੀ ਸੁਣਵਾਈ 'ਤੇ ਅਤੇ ਪਹਿਲਾਂ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਅਟਾਰਨੀ ਨਿਯੁਕਤ ਕਰਨ ਦਾ ਅਧਿਕਾਰ ਹੈ, ਅਤੇ ਨਿਯੁਕਤ ਕੀਤੇ ਗਏ ਅਟਾਰਨੀ ਦੇ ਨਾਮ ਅਤੇ ਪਤੇ ਬਾਰੇ ਦੱਸੇ ਜਾਂ ਦਾ ਅਧਿਕਾਰ ਹੈ। ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ ਅਤੇ ਤੁਸੀਂ ਜੋ ਵੀ ਬਿਆਨ ਦਿੰਦੇ ਹੋ ਉਸ ਨੂੰ ਅਣਇੱਛਿਤ ਕਾਰਵਾਈਆਂ ਵਿੱਚ ਵਰਤਿਆ ਜਾ ਸਕਦਾ ਹੈ। ਸੰਭਵ ਕਾਰਣ ਦੀ ਸੁਣਵਾਈ 'ਤੇ, ਸਾਰੇ ਮਰੀਜ਼ਾਂ ਲਈ ਸੂਚੀਬੱਧ ਕੀਤੇ ਅਧਿਕਾਰਾਂ ਤੋਂ ਇਲਾਵਾ, ਤੁਹਾਡੇ ਕੋਲ ਵੀ ਤੁਹਾਡੀ ਤਰਫ਼ੋਂ ਸਬੂਤ ਪੇਸ਼ ਕਰਨ ਦਾ ਅਤੇ ਤੁਹਾਡੇ ਵਿਰੁੱਧ ਗਵਾਹੀ ਦੇਣ ਵਾਲੇ ਗਵਾਹਾਂ ਦਾ ਜਿਰਹਾ ਕਰਨ ਦਾ ਅਧਿਕਾਰ ਹੈ। ਤੁਹਾਡੇ ਕੋਲ ਸੰਭਵ ਕਾਰਨ ਦੀ ਸੁਣਵਾਈ ਤੋਂ 24 ਘੰਟੇ ਪਹਿਲਾਂ ਦਵਾਈ ਲਈ ਇਨਕਾਰ ਕਰਨ ਦਾ ਅਧਿਕਾਰ ਹੈ। ਤੁਹਾਡੇ ਕੋਲ ਮੌਜੂਦਾ ਸਮੇਂ ਦੀ ਨਜ਼ਰਬੰਦੀ ਅਤੇ ਸੰਭਵ ਭਵਿੱਖ ਦੀ ਨਜ਼ਰਬੰਦਿਆਂ ਦਾ ਕਾਰਨ ਹੋਣ ਵਾਲੇ ਦੋਸ਼ਾਂ ਦੀ ਇੱਕ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਵਾਸ਼ਿੰਗਟਨ ਪ੍ਰਸ਼ਾਸਨਿਕ ਕੋਡ 246-341-0600 (ਅਪ੍ਰੈਲ 2019)

ਤੁਸੀਂ ਆਪਣੀ ਦੇਖਭਾਲ ਜਾਂ ਚਿੰਤਾਵਾਂ ਬਾਰੇ ਸ਼ਿਕਾਇਤਾਂ ਜ਼ੁਬਾਨੀ ਜਾਂ ਲਿਖਿਤ ਤੌਰ 'ਤੇ ਦਾਖ਼ਲ ਕਰ ਸਕਦੇ ਹੋ ਅਤੇ ਤੁਰੰਤ ਉਸਦਾ ਫਾਲੋ ਅਪ ਕਰ ਸਕਦੇ ਹੋ। ਚਾਰਜ ਨਰਸਾਂ, ਡਿਪਾਰਟਮੇਂਟ ਮੈਨੇਜਰ ਨਾਲ ਗੱਲ ਕਰਨ ਦੀ ਮੰਗ ਕਰੋ ਜਾਂ ਹੇਠਾਂ ਦਿੱਤੇ ਗਏ ਫੋਨ ਨੰਬਰਾਂ ਦੀ ਵਰਤੋਂ ਕਰਦੇ ਹੋਏ ਪੀਸਹੈੱਲਥ ਦੀ ਰਿਸਕ ਮੈਨੇਜਮੈਂਟ ਟੀਮ ਦੇ ਕਿਸੇ ਮੈਂਬਰ ਨਾਲ ਸੰਪਰਕ ਕਰਨਾ।

ਬੇਨਤੀ 'ਤੇ WAC 182-538D-0654 ਦੁਆਰਾ 182-538D-0680 ਦੇ ਅਨੁਸਾਰ ਤੁਹਾਨੂੰ ਏਜੰਸੀ ਸ਼ਿਕਾਇਤ ਪ੍ਰਣਾਲੀ ਦੀਆਂ ਪ੍ਰਕਿਰਿਆਵਾਂ ਦੀ ਕਾਪੀ ਪ੍ਰਾਪਤ ਹੋ ਸਕਦੀ ਹੈ ਅਤੇ ਏਜੰਸੀ ਜਾਂ ਵਤੀਰੇ ਸੰਬੰਧੀ ਸਿਹਤ ਸੰਸਥਾ (ਬੀ.ਐਚ.ਓ.) ਨਾਲ ਸ਼ਿਕਾਇਤ ਦਰਜ ਕਰਾਉਣ ਲਈ, ਜੇ ਲਾਗੂ ਹੋਵੇ, ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋਈ ਹੈ। ਤੁਸੀਂ ਸਿਹਤ ਵਿਭਾਗ ਦੇ ਕੋਲ ਸ਼ਿਕਾਇਤ ਦਰਜ ਕਰ ਸਕਦੇ ਹੋ ਜੇਕਰ ਤੁਸੀਂ ਮਹਿਸੂਸ ਕਰਦੇ ਹੋ ਕਿ ਏਜੰਸੀ ਨੇ WAC ਦੀ ਲੋੜ ਦਾ ਉਲੰਘਣ ਕੀਤਾ ਹੈ ਤਾਂ ਵਿਹਾਰਕ ਸਿਹਤ ਏਜੰਸੀਆਂ ਨੂੰ ਨਿਯਮਿਤ ਕੀਤਾ ਜਾ ਰਿਹਾ ਹੈ।

| | | |
|---|---|---|
| **ਪੀਸਹੈੱਲਥ ਸੇਂਟ ਜੋਸਫ ਮੈਡੀਕਲ ਕੇਂਦਰ**<br>**(PeaceHealth St. Joseph Medical Center)**<br>2901 Squalicum Parkway<br>Bellingham, WA 98225<br>360-734-5400<br><br>**ਦਿਲ ਲਈ ਹੋਟਲਾਈਨ**<br>**(Hotline to the Heart)**<br>1-844-749-8817 | **ਪੀਸਹੈੱਲਥ ਪੀਸ ਆਈਲੈਂਡ ਮੈਡੀਕਲ ਸੈਂਟਰ**<br>**(PeaceHealth Peace Island Medical Center)**<br>1117 Spring Street<br>Friday Harbor, WA 98250 360-378-2141<br><br>**ਦਿਲ ਲਈ ਹੋਟਲਾਈਨ**<br>**(Hotline to the Heart)**<br>1-844-749-8817 | **ਪੀਸਹੈੱਲਥ ਯੂਨਾਈਟਿਡ ਜਨਰਲ ਮੈਡੀਕਲ ਸੈਂਟਰ**<br>**(PeaceHealth United General Medical Center)**<br>2000 Hospital Drive<br>Sedro-Woolley, WA 98284<br>360-856-6021<br><br>**ਦਿਲ ਲਈ ਹੋਟਲਾਈਨ**<br>**(Hotline to the Heart)**<br>1-844-749-8817 |
| **ਪੀਸਹੈੱਲਥ ਸੇਂਟ ਜਾਨ ਮੈਡੀਕਲ ਸੈਂਟਰ**<br>**(PeaceHealth St. John Medical Center)**<br>1615 Delaware Street<br>Longview, WA 98632<br>360-414-2000<br><br>**ਦਿਲ ਲਈ ਹੋਟਲਾਈਨ**<br>**(Hotline to the Heart)**<br>1-844-749-8817 | **ਪੀਸਹੈੱਲਥ ਸਾਊਥਵੈਸਟ ਮੈਡੀਕਲ ਸੈਂਟਰ**<br>**(PeaceHealth Southwest Medical Center)**<br>400 NE Mother Joseph Place<br>Vancouver, WA 98664<br>360-514-2000<br><br>**ਦਿਲ ਲਈ ਹੋਟਲਾਈਨ**<br>**(Hotline to the Heart)**<br>1-844-749-8817 | **ਵਾਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ਼ ਹੈਲਥ**<br>**(Washington State Department of Health)**<br>HSQA Complaint Intake<br>P.O. Box 47857<br>Olympia, WA 98504-7857<br><br>**ਫ਼ੋਨ**: 360-236-4700<br>**ਟੋਲ ਫ੍ਰੀ**: 800-633-6828<br>**ਫ਼ੈਕਸ**: 360-236-2626<br><br>**ਈਮੇਲ**: HSQAComplaintIntake@doh.wa.gov |